# ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ

ਵੱਲ

ਇਸ ਵਿਭਾਗ ਵਲੋਂ ਮਾਨਤਾ ਪ੍ਰਾਪਤ ਸਾਰੀਆਂ ਮੈਡੀਕਲ, ਡੈਂਟਲ, ਆਯੁਰਵੈਦਿਕ, ਹੋਮੋਪੈਥਿਕ, ਨਰਸਿੰਗ ਅਤੇ ਪੈਰਾ-ਮੈਡੀਕਲ ਸੰਸਥਾਵਾਂ ਦੇ ਮੁੱਖੀ (ਈ-ਮੇਲ ਰਾਹੀਂ)।

ਨੰ: 1/1/2013-6ਐਮ.ਈ.3-ਪੰ:/ 7131
ਮਿਤੀ: 5-5-2014

ਵਿਸ਼ਾ:- ਸਾਲ 2012-13 ਨਾਲ ਸਬੰਧਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ./ਓ.ਬੀ.ਸੀ. ਸਟੂਡੈਂਟਸ ਸਕੀਮ ਅਧੀਨ ਸਾਲ 2012-13 ਨਾਲ ਸਬੰਧਤ ਯੋਗ ਕੇਸ ਸਕਾਲਰਸ਼ਿਪ ਦੀ ਅਦਾਇਗੀ ਲਈ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜ ਦਿੱਤੇ ਗਏ ਹਨ, ਇਨ੍ਹਾਂ ਭੇਜੇ ਕੇਸਾਂ ਦਾ ਵੇਰਵਾ ਵਿਭਾਗ ਦੀ ਵੈਬਸਾਈਟ (www.punjabmedicaleducation.org) ਉੱਤੇ ਸਕਾਲਰਸ਼ਿਪ ਪੇਜ ਉੱਤੇ ਉਪਲਬਧ ਹੈ। ਸੰਸਥਾਵਾਂ/ਵਿਦਿਆਰਥੀਆਂ ਇਨ੍ਹਾਂ ਲਿਸਟਾਂ ਨੂੰ ਚੈੱਕ ਕਰ ਲੈਣ।

ਜੇਕਰ ਕਿਸੇ ਸੰਸਥਾ / ਵਿਦਿਆਰਥੀ ਨੂੰ ਜਾਪਦਾ ਹੈ ਕਿ ਉਸ ਵਲੋਂ ਮੁਕੰਮਲ ਦਸਤਾਵੇਜ ਸਮੇਂ ਜਮ੍ਹਾਂ ਕਰਵਾਏ ਗਏ ਸਨ, ਪ੍ਰੰਤੂ ਉਸ ਦਾ ਨਾਮ ਲਿਸਟਾਂ ਵਿੱਚ ਨਹੀਂ ਹੈ, ਤਾਂ ਉਹ ਦਸਤਾਵੇਜ ਜਮ੍ਹਾਂ ਕਰਵਾਉਣ ਦਾ ਸਬੂਤ ਨਾਲ ਲੈ ਕੇ ਇਹ ਪੱਤਰ ਜਾਰੀ ਹੋਣ ਦੇ 15 ਦਿਨਾਂ ਦੇ ਅੰਦਰ-ਅੰਦਰ ਨਿੱਜੀ ਤੌਰ ਉੱਤੇ ਇਸ ਦਫਤਰ ਨਾਲ ਸੰਪਰਕ ਕਰਨ। ਇਸ ਤੋਂ ਬਾਅਦ ਇਸ ਮਾਮਲੇ ਉੱਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ਜੀ।

ਵਾ: ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

Scanned by CamScanner